ਮਹੀਨਾ -ਦਸੰਬਰ/ਜਨਵਰੀ

ਤਿਆਰ ਕਰਤਾ-ਰਜਵੰਤ ਕੌਰ ਪੰਜਾਬੀ ਮਿਸਟ੍ਰੈੱਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚਿਆਂ।

ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ।

ਸਰਕਾਰੀ ............ ਸਕੂਲ,

ਗੁਰਦਾਸਪੁਰ।

**31** ਮਾਰਚ ,**20.......**

ਸਤਿਕਾਰਯੋਗ ਪਿਤਾ ਜੀ,

ਸਤਿ ਸ੍ਰੀ ਅਕਾਲ।

ਆਪ ਜੀ ਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਵੇਗੀ ਕਿ ਮੈਂ 'ਏ' ਗਰੇਡ ਹਾਸਲ ਕਰਦਿਆਂ ਛੇਵੀਂ ਸ਼੍ਰੇਣੀ ਦਾ ਇਮਤਿਹਾਨ ਪਾਸ ਕਰ ਲਿਆ ਹੈ।ਮੈਂ ਹੁਣ ਸੱਤਵੀਂ ਸ਼੍ਰੇਣੀ ਵਿੱਚ ਦਾਖ਼ਲ ਹੋਣਾ ਹੈ ।ਸਕੂਲ ਵਿੱਚ ਫ਼ੀਸ ਤੋਂ ਇਲਾਵਾ ਸਾਲਾਨਾ ਚੰਦੇ ਵੀ ਦੇਣੇ ਹਨ ਅਤੇ ਨਵੀਆਂ ਕਿਤਾਬਾਂ ,ਕਾਪੀਆਂ ਆਦਿ ਵੀ ਖ਼ਰੀਦਣੀਆਂ ਹਨ।ਆਪ ਜਲਦੀ ਤੋਂ ਜਲਦੀ ਮੈਨੂੰ **1500** ਰੁਪਏ ਭੇਜ ਦੇਵੋ।**1** ਅਪ੍ਰੈਲ ਤੋਂ ਸਾਡੀ ਸੱਤਵੀਂ ਸ਼੍ਰੇਣੀ ਦੀ ਪੜ੍ਹਾਈ ਸ਼ੁਰੂ ਹੋ ਰਹੀ ਹੈ।

ਮਾਤਾ ਜੀ ਨੂੰ ਮੱਥਾ ਟੇਕਦਾ ਹਾਂ ਅਤੇ ਨਿੱਕੀ ਭੈਣ ਨੂੰ ਮੇਰੇ ਵੱਲੋਂ ਪਿਆਰ ਦੇਣਾ।

ਆਪ ਜੀ ਦਾ ਸਪੁੱਤਰ ,

ਕਰਨ ਸਿੰਘ ।